# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**GURU NANAK DEV UNIVERSITY, AMRITSAR.**

*(Established by the State Legislature Act No. 21 of 1969 and Accredited at "A++" grade (highest level as per modified criteria notified on 27.07.2017) by NAAC and Conferred University with Potential for Excellence" status by UGC) arestablishmentgndu@gmail.com*

ਨੰ: 8058-8158/ਅਮਲਾ/ਏ-12
ਮਿਤੀ 26/5/25

E-mail

1. ਮੁਖੀ ਸਾਹਿਬਾਨ, ਸਮੂਹ ਟੀਚਿੰਗ/ ਨਾਨ-ਟੀਚਿੰਗ ਵਿਭਾਗ/ਸ਼ਾਖਾਵਾਂ/ਦਫਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
2. ਐਸੋਸੀਏਟ ਡੀਨ, ਰਿਜ਼ਨਲ ਕੈਂਪਸ, ਜਲੰਧਰ ਅਤੇ ਐਸੋਸੀਏਟ ਡੀਨ, ਰਿਜ਼ਨਲ ਕੈਂਪਸ, ਗੁਰਦਾਸਪੁਰ
3. ਸਮੂੰਹ ਪ੍ਰਿੰਸੀਪਲਜ਼/ਓ.ਐਸ.ਡੀ. ਯੂਨੀਵਰਸਿਟੀ ਐਸੋਸੀਏਟ/ਕਾਂਸਟੀਚਿਊਂਟਸ ਕਾਲਜਿਜ਼

**ਵਿਸ਼ਾ : ਪੰਜਾਬ ਰਾਜ ਭਾਸ਼ਾ ਐਕਟ 1967 ਸਮੇਤ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਅਤੇ 2021 ਅਨੁਸਾਰ ਸਾਰਾ ਦਫਤਰੀ ਕੰਮ-ਕਾਜ ਰਾਜ ਭਾਸ਼ਾ ਵਿਚ ਕਰਨ ਬਾਰੇ।**

ਉਪਰੋਕਤ ਵਿਸ਼ੇ ਤੇ ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ, ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ (ਸਿੱਖਿਆ ਸੈੱਲ) ਵਲੋਂ ਪ੍ਰਾਪਤ ਪੱਤਰ ਨੰ: HED-EDUC014/2/2023-4EDUCELL-Part(1)/1/1093556/2025 ਮਿਤੀ 08/05/2025 ਦੇ ਸਬੰਧ ਵਿੱਚ ਸਮਰੱਥ ਅਧਿਕਾਰੀ ਜੀ ਵਲੋਂ ਹੋਏ ਆਦੇਸ਼ਾਂ ਅਨੁਸਾਰ ਪੰਜਾਬ ਰਾਜ ਭਾਸ਼ਾ ਐਕਟ-1967, ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ-2008 ਅਤੇ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ-2021 ਦੇ ਉਪਬੰਧਾਂ ਅਨੁਸਾਰ ਪੰਜਾਬ ਸਰਕਾਰ ਦੇ ਸਮੂਹ ਸਰਕਾਰੀ/ਅਰਧ ਸਰਕਾਰੀ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਨਿਗਮਾਂ ਅਤੇ ਵਿਦਿਅਕ ਅਦਾਰਿਆਂ ਦੇ ਦਫਤਰਾਂ ਵਿਚ ਸਮੁੱਚਾ ਦਫਤਰੀ ਕੰਮ-ਕਾਜ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਵਿਚ ਕੀਤਾ ਜਾਣਾ ਲਾਜ਼ਮੀ ਹੈ। ਪੰਜਾਬ ਸਰਕਾਰ ਵਲੋਂ ਦਫਤਰੀ ਕੰਮ-ਕਾਜ ਵਿਚ ਪੰਜਾਬੀ ਭਾਸ਼ਾ ਵਿੱਚ ਕਰਨ ਲਈ ਸਮੇਂ ਸਮੇਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ ਪਰੰਤੂ ਵੇਖਣ ਵਿੱਚ ਆਇਆ ਹੈ ਕਿ ਇਹਨਾਂ ਹਦਾਇਤਾਂ ਦੀ ਕਈ ਵਿਭਾਗਾਂ ਵਲੋਂ ਪਾਲਣਾ ਨਹੀਂ ਕੀਤੀ ਜਾ ਰਹੀ। ਹਾਲੇ ਵੀ ਕਈ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਆਪਣਾ ਦਫਤਰੀ ਕੰਮ ਅੰਗਰੇਜ਼ੀ ਭਾਸ਼ਾ ਵਿੱਚ ਕਰਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਇਸ ਲਈ ਹਵਾਲਾ ਅਧੀਨ ਜਾਰੀ ਹੋਈਆਂ ਹਦਾਇਤਾਂ ਦੇ ਸਨਮੁੱਖ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ-2008 ਵਿੱਚ ਕੀਤੇ ਉਪਬੰਧਾਂ ਅਨੁਸਾਰ ਪੰਜਾਬ ਸਰਕਾਰ ਦੇ ਸਮੂਹ ਸਰਕਾਰੀ/ਅਰਧ ਸਰਕਾਰੀ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਨਿਗਮਾਂ ਅਤੇ ਵਿਦਿਅਕ ਅਦਾਰਿਆਂ ਦੇ ਦਫਤਰਾਂ ਵਿਚ ਸਮੁੱਚਾ ਦਫਤਰੀ ਕੰਮ-ਕਾਜ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਵਿਚ ਕੀਤਾ ਜਾਣਾ ਲਾਜ਼ਮੀ ਬਣਾਇਆ ਜਾਵੇ। ਇਸ ਦੇ ਨਾਲ ਸਮੂਹ ਵਿਭਾਗਾਂ ਦੀਆਂ ਵੈਬਸਾਈਟਾਂ ਅੰਗਰੇਜੀ ਦੇ ਨਾਲ-ਨਾਲ ਪੰਜਾਬੀ ਭਾਸ਼ਾ (ਭਾਵ ਦੋਨੋਂ ਭਾਸ਼ਾਵਾਂ) ਵਿੱਚ ਤਿਆਰ ਕੀਤੀਆਂ ਜਾਣ। ਉਕਤ ਹਦਾਇਤਾਂ ਆਪਣੇ ਅਧੀਨ ਆਉਂਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਇੰਨ-ਬਿੰਨ ਪਾਲਣਾ ਕਰਨ ਹਿੱਤ ਭੇਜੀਆਂ ਜਾਣ।

ਸਹਾਇਕ ਰਜਿਸਟਰਾਰ (ਅਮਲਾ)
ਵਾਸਤੇ ਰਜਿਸਟਰਾਰ

ਪਿੱਠ ਅੰਕਣ ਨੰ.: 8159-74/ਅਮਲਾ/ਏ-12 ਮਿਤੀ 26/5/25

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਨਿੱਜੀ ਸਹਾਇਕ, ਉਪ ਕੁਲਪਤੀ ਜੀ
2. ਨਿੱਜੀ ਸਹਾਇਕ, ਡੀਨ, ਵਿਦਿਅਕ ਮਾਮਲੇ
3. ਨਿੱਜੀ ਸਹਾਇਕ, ਡੀਨ, ਕਾਲਜ ਵਿਕਾਸ ਕੌਂਸਲ
4. ਨਿੱਜੀ ਸਹਾਇਕ, ਰਜਿਸਟਰਾਰ
5. ਇੰਚਾਰਜ਼, ਸੈਂਟਰ ਫਾਰ ਆਈ.ਟੀ. ਸੋਲਿਊਸ਼ਨ
6. ਸੈਕਸ਼ਨ ਏ-1 ਤੋਂ ਏ-11 ਤੱਕ

ਸਹਾਇਕ ਰਜਿਸਟਰਾਰ (ਅਮਲਾ)
ਵਾਸਤੇ ਰਜਿਸਟਰਾਰ